# ਹਰ ਕਿਸੇ ਲਈ ਸਿਹਤ ਬੀਮਾ ਖੋਲ੍ਹਣਾ!

## ਨਵਾਂ! ਬਿਨਾ-ਦਸਤਾਵੇਜ਼ ਵਾਲੇ ਅਪ੍ਰਵਾਸੀਆਂ ਲਈ ਸਿਹਤ ਬੀਮਾ ਖਰੀਦਣਾ ਹੁਣ ਸੌਖਾ ਹੋ ਗਿਆ ਹੈ।

ਇਸ ਨਵੰਬਰ ਤੋਂ, ਹਰ ਵਿਅਕਤੀ ਜੋ ਵਾਸ਼ਿੰਗਟਨ ਸਟੇਟ ਵਿੱਚ ਰਹਿੰਦਾ ਹੈ, ਉਸਦੀ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਗੈਰ, *Washington Healthplanfinder* ਦੇ ਰਾਹੀਂ ਉਸਦੇ ਕੋਲ ਸਿਹਤ ਅਤੇ ਦੰਦਾਂ ਦਾ ਬੀਮਾ ਖਰੀਦਣ ਦੀ ਯੋਗਤਾ ਹੋਵੇਗੀ।

## 1 ਨਵੰਬਰ, 2023 ਤੋਂ ਹਰ ਕੋਈ ਸਾਈਨ ਅੱਪ ਕਰ ਸਕਦਾ ਹੈ

1 ਜਨਵਰੀ, 2024 ਤੋਂ ਸ਼ੁਰੂ ਹੋਣ ਵਾਲੇ ਸਿਹਤ ਕਵਰੇਜ ਲਈ 15 ਦਸੰਬਰ ਤੱਕ ਸਾਈਨ ਅੱਪ ਕਰੋ। ਖੁੱਲ੍ਹੀ ਰਜਿਸਟ੍ਰੇਸ਼ਨ 15 ਜਨਵਰੀ, 2024 ਨੂੰ ਸਮਾਪਤ ਹੋਵੇਗੀ।

## ਆਪਣੇ ਮਹੀਨਾਵਾਰ ਬੀਮੇ ਦੇ ਭੁਗਤਾਨ ਲਈ ਮਦਦ ਪ੍ਰਾਪਤ ਕਰੋ

*ਘੱਟ ਆਮਦਨੀ ਵਾਲੇ ਲੋਕਾਂ ਲਈ ਛੋਟ*

ਤੁਸੀਂ Cascade Care Savings ਲਈ ਯੋਗ ਹੋ ਸਕਦੇ ਹੋ, ਜਿਸਦਾ ਭਾਵ ਹੈ ਕਿ ਵਾਸ਼ਿੰਗਟਨ ਸਟੇਟ ਤੁਹਾਡੇ ਸਿਹਤ ਬੀਮੇ ਦੇ ਹਿੱਸੇ ਦਾ ਭੁਗਤਾਨ ਕਰੇਗਾ। ਜੇਕਰ ਤੁਹਾਡੀ ਘਰੇਲੂ ਆਮਦਨ ਹੇਠਾਂ ਦਿੱਤੀ ਰੇਂਜ ਦੇ ਅੰਦਰ ਹੈ, ਤਾਂ ਤੁਸੀਂ ਯੋਗ ਹੋ ਸਕਦੇ ਹੋ।

| | | | | | |
|---|---|---|---|---|---|
| $36,450 | $49,300 | $62,150 | $75,000 | $87,850 | $100,700 |
| ਇਕੱਲਾ ਵਿਅਕਤੀ | 2 ਦਾ ਪਰਿਵਾਰ | 3 ਦਾ ਪਰਿਵਾਰ | 4 ਦਾ ਪਰਿਵਾਰ | 5 ਦਾ ਪਰਿਵਾਰ | 6 ਦਾ ਪਰਿਵਾਰ |

## ਤੁਹਾਡੀ ਸੁਰੱਖਿਆ ਸਾਡੇ ਲਈ ਮਾਇਨੇ ਰੱਖਦੀ ਹੈ।

- ਰਜਿਸਟ੍ਰੇਸ਼ਨ ਤੁਹਾਡੇ, ਤੁਹਾਡੇ ਪਰਿਵਾਰ, ਜਾਂ ਤੁਹਾਡੇ ਨਾਲ ਰਹਿਣ ਵਾਲੇ ਕਿਸੇ ਵੀ ਵਿਅਕਤੀ ਦੀ ਇਮੀਗ੍ਰੇਸ਼ਨ ਸਥਿਤੀ ਜਾਂ ਨਾਗਰਿਕਤਾ ਸਬੰਧੀ ਅਪਲਿਕੇਸ਼ਨਾਂ 'ਤੇ **ਅਸਰ ਨਹੀਂ ਪਾਉਂਦਾ ਹੈ।**
- ਫੈਡਰਲ ਅਤੇ ਸਟੇਟ ਦੇ ਕਾਨੂੰਨ ਉਹਨਾਂ ਲੋਕਾਂ ਦੀ ਗੋਪਨੀਯਤਾ ਦੀ ਰੱਖਿਆ ਕਰਦੇ ਹਨ ਜੋ *Washington Healthplanfinder* ਦੇ ਰਾਹੀਂ ਸਿਹਤ ਬੀਮਾ ਵਾਸਤੇ ਅਪਲਾਈ ਕਰਦੇ ਹਨ। ਇਮੀਗ੍ਰੇਸ਼ਨ ਸਥਿਤੀ ਬਾਰੇ ਜਾਣਕਾਰੀ ਦੀ ਵਰਤੋਂ ਸਿਰਫ਼ ਕਵਰੇਜ ਲਈ ਯੋਗਤਾ ਨਿਰਧਾਰਤ ਕਰਨ ਵਾਸਤੇ ਕੀਤੀ ਜਾਵੇਗੀ ਅਤੇ ਇਮੀਗ੍ਰੇਸ਼ਨ ਲਾਗੂ ਕਰਨ ਵਾਸਤੇ ਨਹੀਂ ਕੀਤੀ ਜਾਵੇਗੀ।

## ਕੀ ਤੁਹਾਨੂੰ ਮਦਦ ਦੀ ਲੋੜ ਹੈ? ਰਜਿਸਟ੍ਰੇਸ਼ਨ ਦੇ ਨਾਲ ਮੁਫ਼ਤ ਸਹਾਇਤਾ ਪ੍ਰਾਪਤ ਕਰਨ ਦੇ 3 ਤਰੀਕੇ

### ਕਾੱਲ ਕਰੋ

ਗਾਹਕ ਸਹਾਇਤਾ ਸੈਂਟਰ

**ਟੋਲ ਫ੍ਰੀ: 1-855-923-4633**

**TTY/TDD: 1-855-627-9604**

*ਘੰਟੇ: ਸਵੇਰੇ 7:30 ਵਜ੍ਹੇ ਤੋਂ ਸ਼ਾਮ 5:30 ਵਜ੍ਹੇ ਤੱਕ ਮਦਦ 200 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ।*

### ਵਿਜ਼ਿਟ ਕਰੋ

ਸਾਡੀ ਵੈਬਸਾਈਟ

**wahealthplanfinder.org**

*ਜਾਂ ਆਪਣੇ ਕੈਮਰੇ ਦੇ ਨਾਲ QR ਕੋਡ ਨੂੰ ਸਕੈਨ ਕਰੋ*

### ਜੁੜੋ

ਕਿਸੇ ਸਥਾਨਕ ਪੇਸ਼ੇਵਰ ਨਾਲ*

*ਰਜਿਸਟ੍ਰੇਸ਼ਨ ਲਈ ਮੇਰੇ ਨਾਲ 1 ਨਵੰਬਰ ਨੂੰ ਸੰਪਰਕ ਕਰੋ!*

**ਨੇਵੀਗੇਟਰ ਅਤੇ ਬ੍ਰੋਕਰ ਉਪਲਬਧ ਵਿੱਤੀ ਮਦਦ ਨੂੰ ਸਮਝਣ, ਸਿਹਤ ਬੀਮੇ ਬਾਰੇ ਸਵਾਲਾਂ ਦੇ ਜਵਾਬ ਦੇਣ, ਅਤੇ ਯੋਜਨਾਵਾਂ ਨੂੰ ਖਰੀਦਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਜੇਕਰ ਤੁਸੀਂ ਨਹੀਂ ਜਾਣਦੇ ਕਿ ਕੋਈ ਤੁਹਾਡੀ ਸਹਾਇਤਾ ਲਈ ਪ੍ਰਮਾਣਿਤ ਹੈ ਜਾਂ ਨਹੀਂ, ਤਾਂ Washington Healthplanfinder ਦੇ ਗਾਹਕ ਸਹਾਇਤਾ ਸੈਂਟਰ ਨੂੰ 1-855-923-4633 'ਤੇ ਕਾੱਲ ਕਰੋ।*

washington healthplanfinder
click. compare. covered.